

# Planning for Discharge from Hospital (Punjabi)

# ਹਸਪਤਾਲ ਤੋਂ ਛੁੱਟੀ ਬਾਰੇ ਸੋਚ ਰਹੇ ਹੋ

**This leaflet explains how your discharge from hospital should be managed so that you receive the right support**

ਇਹ ਪਰਚਾ ਤੁਹਾਨੂੰ ਇਹ ਦੱਸਦਾ ਹੈ ਕਿ ਤੁਸੀਂ ਕਿਵੇਂ ਹਸਪਤਾਲ ਤੋਂ ਛੁੱਟੀ ਦਾ ਪ੍ਰਬੰਧ ਕਰ ਸਕਦੇ ਹੋ ਤਾਂ ਕਿ ਤੁਹਾਨੂੰ ਸਹੀ ਸਹਾਇਤਾ ਮਿਲ ਸਕੇ ।

**The translation of this leaflet has been co-ordinated by the Derbyshire Black and Minority Ethnic Forum**

ਇਸ ਪਰਚੇ ਦਾ ਅਨੁਵਾਦ ਡਰਬੀਸ਼ਾਇਰ ਬਲੈਕ ਅਤੇ ਮਾਈਨੌਰਿਟੀ ਐਥਨਿਕ ਫੋਰਮ ਦੇ ਸਹਿਯੋਗ ਨਾਲ ਕਰਵਾਇਆ ਗਿਆ ਹੈ ।

DERBYSHIRE
County Council
Improving life for local people

NHS
NHS Derby City and Derbyshire County
NHS Tameside and Glossop

## Hospital Discharge

### ਹਸਪਤਾਲ ਡਿਸਚਾਰਜ

It is an NHS priority to get you out of hospital as soon as you no longer need inpatient medical treatment.

ਜਿਵੇਂ ਹੀ ਤੁਹਾਨੂੰ ਹਸਪਤਾਲ ਵਿਚ ਹੋਰ ਰਹਿ ਕੇ ਇਲਾਜ ਦੀ ਜ਼ਰੂਰਤ ਨਾ ਰਹੇ, NHS ਤੁਹਾਨੂੰ ਹਸਪਤਾਲ ਤੋਂ ਛੁੱਟੀ ਦੀ ਤਰਜੀਹ ਦਿੰਦਾ ਹੈ।

Most people want to return to their home straight away but sometimes it may be necessary to stay in another care facility such as a care home or community hospital to continue their recuperation.

ਬਹੁਤੇ ਲੋਕ ਸਿੱਧਾ ਆਪਣੇ ਘਰ ਵਾਪਸ ਜਾਣਾ ਚਾਹੁੰਦੇ ਹਨ ਪਰ ਕਈ ਵਾਰ ਕਿਸੇ ਕੇਅਰ ਹੋਮ ਜਾਂ ਕਮਿਊਨਿਟੀ ਹਸਪਤਾਲ ਵਿਚ ਰਹਿ ਕੇ ਇਲਾਜ ਜਾਰੀ ਰੱਖਣਾ ਜ਼ਰੂਰੀ ਹੋ ਸਕਦਾ ਹੈ।

Health and social care staff will work in partnership to give you any support that you need to make sure you are discharged safely.

ਹੇਲਥ ਐਂਡ ਸੋਸ਼ਲ ਕੇਅਰ ਸਟਾਫ਼ ਹਰ ਤਰ੍ਹਾਂ ਨਾਲ ਸਹਿਯੋਗ ਦੇਣਗੇ ਤਾਂ ਜੋ ਤੁਹਾਨੂੰ ਯਕੀਨ ਹੋਵੇ ਕਿ ਤੁਹਾਨੂੰ ਸੁਰੱਖਿਅਤ ਢੰਗ ਨਾਲ ਛੁੱਟੀ ਮਿਲ ਰਹੀ ਹੈ।

If the hospital staff think you would benefit from social care support when you are discharged they will refer you to the hospital social work team.

ਜੇਕਰ ਹਸਪਤਾਲ ਦਾ ਸਟਾਫ ਸੋਚਦਾ ਹੈ ਕਿ ਸੋਸ਼ਲ ਕੇਅਰ ਵਿਚ ਰਹਿਣਾ ਤੁਹਾਡੇ ਲਈ ਲਾਹੇਵੰਦ ਹੋ ਸਕਦਾ ਹੈ ਤਾਂ ਉਹ ਤੁਹਾਨੂੰ ਹਸਪਤਾਲ ਦੀ ਸੋਸ਼ਲ ਵਰਕ ਟੀਮ ਵਿਚ ਰੈਫਰ ਕਰ ਦੇਣਗੇ।

However, if this doesn’t happen and you want to discuss social care you can ask the hospital staff to contact them for you.

ਪਰ ਜੇਕਰ ਅਜਿਹਾ ਨਹੀਂ ਹੁੰਦਾ ਅਤੇ ਤੁਸੀਂ ਸੋਸ਼ਲ ਕੇਅਰ ਬਾਰੇ ਵਿਚਾਰ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਹਸਪਤਾਲ ਦੇ ਸਟਾਫ ਨੂੰ ਉਨ੍ਹਾਂ ਨਾਲ ਸੰਪਰਕ ਕਰਨ ਲਈ ਪੁੱਛ ਸਕਦੇ ਹੋ।

You can get more general information about social care support by ringing Call Derbyshire on tel: **01629 533190**.

ਤੁਸੀਂ ਕਾਲ ਡਰਬੀਸ਼ਾਇਰ ਦੇ ਨੰਬਰ 01629 533190 ਤੇ ਫੋਨ ਕਰਕੇ ਸੋਸ਼ਲ ਕੇਅਰ ਸਪੋਰਟ ਬਾਰੇ ਆਮ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

If you have social care needs you are entitled to receive an assessment. This assessment may happen on the ward, in a community hospital, care home or it may be arranged soon after your return home.

ਜੇਕਰ ਤੁਹਾਨੂੰ ਸੋਸ਼ਲ ਕੇਅਰ ਦੀ ਜ਼ਰੂਰਤ ਹੈ ਤਾਂ ਤੁਸੀਂ ਇਸ ਲਈ ਨਿਰੀਖਣ ਦੇ ਹੱਕਦਾਰ ਹੋ। ਇਹ ਨਿਰੀਖਣ ਹਸਪਤਾਲ ਦੇ ਵਾਰਡ ਵਿਚ, ਕੇਅਰ ਹੋਮ ਜਾਂ ਤੁਹਾਡੇ ਘਰ ਵਾਪਸ ਜਾਣ ਤੇ ਛੇਤੀ ਹੀ ਕੀਤਾ ਜਾ ਸਕਦਾ ਹੈ।

The advantage of having the assessment at home is that the social care staff and therapists can see how well you are managing in your home and whether there are things you are struggling with.

ਘਰ ਵਿਚ ਨਿਰੀਖਣ ਹੋਣ ਦਾ ਇਹ ਲਾਭ ਹੈ ਕਿ ਸੋਸ਼ਲ ਕੇਅਰ ਸਟਾਫ ਅਤੇ ਚਿਕਿਤਸਕ ਦੇਖ ਸਕਦੇ ਹਨ ਕਿ ਤੁਸੀਂ ਘਰ ਵਿਚ ਕਿਵੇਂ ਗੁਜ਼ਾਰਾ ਕਰ ਰਹੇ ਹੋ ਜਾਂ ਕਿਨ੍ਹਾਂ ਮੁਸ਼ਕਿਲਾਂ ਨਾਲ ਸੰਘਰਸ਼ ਕਰ ਰਹੇ ਹੋ।

If you are eligible for support this may be provided on a short term basis to help you regain lost skills. This is known as re-ablement. You can find out more on our website at **www.derbyshire.gov.uk/reablement**

ਜੇਕਰ ਤੁਸੀਂ ਯੋਗਤਾ ਸਿੱਧ ਕਰਦੇ ਹੋ ਤਾਂ ਤੁਹਾਨੂੰ ਆਪਣੇ ਖਤਮ ਹੋਏ ਹੁਨਰ ਨੂੰ ਮੁੜ ਹਾਸਿਲ ਕਰਨ ਤੱਕ ਥੋੜੀ ਮਿਆਦ ਦੇ ਅਧਾਰ ਤੇ ਸਹਾਇਤਾ ਮੁਹੱਈਆ ਕੀਤੀ ਜਾ ਸਕਦੀ ਹੈ। ਇਸ ਨੂੰ ਮੁੜ-ਯੋਗਤਾ ਦੇ ਰੂਪ ਵਿਚ ਜਾਣਿਆ ਜਾਂਦਾ ਹੈ। ਤੁਸੀਂ ਸਾਡੀ ਵੈੱਬਸਾਈਟ www.derbyshire.gov.uk/reablement 'ਤੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

## What is a social care assessment?
## ਸੋਸ਼ਲ ਕੇਅਰ ਨਿਰੀਖਣ (ਅਸੈਸਮੈਂਟ) ਕੀ ਹੈ?

A social care assessment is carried out by a social care worker. You may ask your family members or carers to be involved too.

ਸੋਸ਼ਲ ਕੇਅਰ ਅਸੈੱਸਮੈਂਟ ਇਕ ਸੋਸ਼ਲ ਕੇਅਰ ਵਰਕਰ ਵਲੋਂ ਕੀਤਾ ਜਾਂਦਾ ਹੈ। ਤੁਸੀਂ ਆਪਣੇ ਪਰਿਵਾਰ ਦੇ ਮੈਂਬਰਾਂ ਜਾਂ ਦੇਖਭਾਲ ਕਰਤਾ ਨੂੰ ਵੀ ਸ਼ਾਮਿਲ ਹੋਣ ਲਈ ਕਹਿ ਸਕਦੇ ਹੋ।

The assessment will look at all aspects of your daily life and the things that matter most to you. It will look at the things you struggle with and the support available from your family and friends. It will identify any help you need to support your independence.

ਅਸੈੱਸਮੈਂਟ ਵਿਚ ਤੁਹਾਡੇ ਰੋਜ਼ਾਨਾ ਜੀਵਨ ਦੇ ਹਰ ਪਹਿਲੂ ਅਤੇ ਚੀਜ਼ਾਂ ਜੋ ਤੁਹਾਡੇ ਲਈ ਬਹੁਤ ਜ਼ਰੂਰੀ ਹਨ, ਨੂੰ ਵੇਖਿਆ ਜਾਵੇਗਾ। ਇਹ ਵੀ ਵੇਖਿਆ ਜਾਵੇਗਾ ਕਿ ਤੁਸੀਂ ਕਿਨ੍ਹਾਂ ਚੀਜ਼ਾਂ ਨਾਲ ਸੰਘਰਸ਼ ਕਰਦੇ ਹੋ ਤੇ ਪਰਿਵਾਰ ਜਾਂ ਦੋਸਤਾਂ ਵਲੋਂ ਕਿੰਨੀ ਕੁ ਸਹਾਇਤਾ ਮਿਲਦੀ ਹੈ। ਇਹ ਤੁਹਨੂੰ ਮੁੜ ਆਤਮ-ਨਿਰਭਰ ਕਰਨ ਲਈ ਹਰ ਤਰਾਂ ਦੀ ਮਦਦ ਦੀ ਪਛਾਣ ਕਰੇਗਾ।

The assessment worker will use a set of standard government criteria to determine if you are eligible for statutory services. You will also be given information and advice about community resources that you may be able to access.

ਅਸੈੱਸਮੈਂਟ ਕਰਤਾ ਸਰਕਾਰ ਦੁਆਰਾ ਨਿਰਧਾਰਿਤ ਮਾਪਦੰਡ ਵਾਲੇ ਸੈੱਟ ਦਾ ਇਸਤੇਮਾਲ ਕਰੇਗਾ। ਤੁਹਾਨੂੰ ਉਨ੍ਹਾਂ ਕਮਿਉਨਿਟੀ ਸਰੋਤਾਂ ਬਾਰੇ, ਜਿਨ੍ਹਾਂ ਲਈ ਤੁਸੀਂ ਪਹੁੰਚ ਕਰ ਸਕਦੇ ਹੋ ਜਾਣਕਾਰੀ ਅਤੇ ਸਲਾਹ ਵੀ ਦਿੱਤੀ ਜਾਵੇਗੀ।

## How long will the assessment last?
## ਅਸੈੱਸਮੈਂਟ (ਨਿਰੀਖਣ) ਕਿੰਨੇ ਸਮੇਂ ਤੱਕ ਚੱਲੇਗਾ?

This depends on your circumstances. It is best to set aside the morning or afternoon.

ਇਹ ਤੁਹਾਡੇ ਹਾਲਾਤ 'ਤੇ ਨਿਰਭਰ ਕਰਦਾ ਹੈ। ਸਵੇਰੇ ਜਾਂ ਦੁਪਹਿਰ ਤੱਕ ਦਾ ਸਮਾਂ ਖਾਲੀ ਰੱਖਣਾ ਉੱਤਮ ਰਹੇਗਾ।

## If I am eligible for care services will I have to pay?
## ਜੇਕਰ ਮੈਂ ਕੇਅਰ ਸਰਵਿਸ ਲਈ ਯੋਗ ਹਾਂ ਤਾਂ ਕੀ ਮੈਨੂੰ ਇਸ ਲਈ ਭੁਗਤਾਨ ਕਰਨਾ ਪਵੇਗਾ ?

Most people are required to make some financial contribution towards their care costs. How much will depend on the income you have. We will support you to ensure you are receiving any welfare benefits that you are entitled to.

ਬਹੁਤੇ ਲੋਕਾਂ ਨੂੰ ਆਪਣੀ ਦੇਖਭਾਲ ਦੇ ਖਰਚੇ ਦੇ ਅਨੁਸਾਰ ਕੁਝ ਮਾਇਕ ਭੁਗਤਾਨ ਕਰਨਾ ਪੈਂਦਾ ਹੈ। ਇਹ ਤੁਹਾਡੀ ਆਮਦਨ ਤੇ ਨਿਰਭਰ ਕਰੇਗਾ ਕਿ ਤੁਹਾਨੂੰ ਕਿੰਨਾਂ ਭੁਗਤਾਨ ਕਰਨਾ ਹੈ। ਅਸੀਂ ਇਹ ਯਕੀਨੀ ਬਣਾਵਾਂਗੇ ਕਿ ਕਿਸੇ ਵੀ ਤਰ੍ਹਾਂ ਦਾ ਭਲਾਈ ਭੱਤਾ ਜਿਸਦੇ ਤੁਸੀਂ ਹੱਕਦਾਰ ਹੋ, ਤੁਹਾਨੂੰ ਜ਼ਰੂਰ ਮਿਲੇ।

## If I wish to buy my own support independently can you help me find what I need?

## ਜੇਕਰ ਮੈਂ ਸੁਤੰਤਰ ਰੂਪ ਵਿਚ ਆਪਣੇ ਲਈ ਲੋੜੀਂਦੀ ਸਹਾਇਤਾ ਖਰੀਦਣ ਦੀ ਇੱਛਾ ਕਰਾਂ ਤਾਂ ਕੀ ਤੁਸੀਂ ਮੈਨੂੰ ਮਦਦ ਕਰ ਸਕਦੇ ਹੋ ?

Yes, we will always give you information and advice to help you find the services you need. Our Brokerage Team is available for all Derbyshire citizens. They can be called on tel: **01629 537763** and will help you to locate suitable services in your area.

ਜੀ, ਅਸੀਂ ਹਮੇਸ਼ਾ ਤੁਹਾਡੀ ਜ਼ਰੂਰਤ ਅਨੁਸਾਰ ਸੇਵਾਵਾਂ ਲਈ ਜਾਣਕਾਰੀ ਅਤੇ ਸਲਾਹ ਕਰਨ ਵਿਚ ਮਦਦ ਕਰਾਂਗੇ। ਸਾਡੀ ਬਰੋਕਰੇਜ ਟੀਮ ਡਰਬੀਸ਼ਾਇਰ ਦੇ ਨਾਗਰਿਕਾਂ ਲਈ ਹਮੇਸ਼ਾਂ ਉਪਲਬਧ ਹੈ। ਉਨ੍ਹਾਂ ਨੂੰ 01629 537763 ਤੇ ਕਰੋ ਅਤੇ ਉਹ ਤੁਹਾਨੰ ਆਪਣੇ ਖੇਤਰ ਵਿਚ ਸੇਵਾਵਾਂ ਲੱਭਣ ਵਿਚ ਮਦਦ ਕਰਨਗੇ

## I am concerned that my family may struggle to care for me when I return home, is there any help they can get?

## ਮੈਨੂੰ ਚਿੰਤਾ ਹੈ ਕਿ ਮੇਰੇ ਘਰ ਵਾਪਸ ਆਉਣ ਤੇ ਮੇਰੇ ਪਰਿਵਾਰ ਲਈ ਮੇਰੀ ਦੇਖਭਾਲ ਸੰਘਰਸ਼ ਸ਼ੀਲ ਹੋ ਸਕਦੀ ਹੈ, ਕੀ ਉਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਮਦਦ ਮਿਲ ਸਕਦੀ ਹੈ ?

Derbyshire is committed to supporting family carers. A carer can request an assessment from Adult Care in their own right if they feel they need support with their caring role. Speak to Call Derbyshire or contact Derbyshire Carers Association on **tel: 01773743355.**

ਡਰਬੀਸ਼ਾਇਰ ਦੇਖਭਾਲ ਕਰਨ ਵਾਲੇ ਪਰਿਵਾਰਾਂ ਲਈ ਵਚਨਬੱਧ ਹੈ। ਜੇਕਰ ਕੇਅਰਰ ਮਹਿਸੂਸ ਕਰੇ ਕਿ ਉਨ੍ਹਾਂ ਨੂੰ ਦੇਖਭਾਲ ਕਰਨ ਵਿਚ ਕਿਸੇ ਤਰ੍ਹਾਂ ਦੀ ਮਦਦ ਦੀ ਲੋੜ ਹੈ ਤਾਂ ਉਹ ਐਡਲਟ ਕੇਅਰ ਵਿਚ ਅਸੈੱਸਮੈਂਟ ਲਈ ਬੇਨਤੀ ਕਰ ਸਕਦਾ ਹੈ। ਕਾਲ ਡਰਬੀਸ਼ਾਇਰ ਜਾਂ ਡਰਬੀਸ਼ਾਇਰ ਕੇਅਰਰ ਐਸੋਸੀਏਸ਼ਨ ਨਾਲ 01773743355 'ਤੇ ਸੰਪਰਕ ਕਰੋ।

## What can I do if I am not satisfied with my discharge from hospital?

## ਜੇਕਰ ਮੈਂ ਹਸਪਤਾਲ ਤੋਂ ਛੁੱਟੀ ਤੋਂ ਸੰਤੁਸ਼ਟ ਨਹੀਂ ਹਾਂ ਤਾਂ ਮੈਂ ਕੀ ਕਰ ਸਕਦਾ ਹਾਂ ?

If you feel your hospital discharge was unsatisfactory it is important that you let us know so we can look at what went wrong and make improvements.

ਜੇਕਰ ਤੁਸੀਂ ਇਹ ਮਹਿਸੂਸ ਕਰਦੇ ਹੋ ਕਿ ਤੁਹਾਡੀ ਹਸਪਤਾਲ ਤੋਂ ਛੁੱਟੀ ਤਸੱਲੀਬਖਸ਼ ਨਹੀਂ ਸੀ ਤਾਂ ਇਹ ਜ਼ਰੂਰੀ ਹੈ ਕਿ ਤੁਸੀਂ ਸਾਨੂੰ ਇਸ ਬਾਰੇ ਦੱਸੋ ਤਾਂ ਜੋ ਅਸੀਂ ਦੇਖ ਸਕੀਏ ਕਿ ਕਿਥੇ ਗਲਤੀ ਹੋਈ ਅਤੇ ਇਨ੍ਹਾਂ ਨੂੰ ਸੁਧਾਰ ਸਕੀਏ।

If your complaint is about the hospital you were a patient at please speak to the hospital's patient liaison service.

ਜੇਕਰ ਤੁਹਾਡੀ ਸ਼ਿਕਾਇਤ ਹਸਪਤਾਲ, ਜਿਥੇ ਤੁਸੀਂ ਭਰਤੀ ਸੀ, ਦੇ ਬਾਰੇ ਵਿਚ ਹੈ ਤਾਂ ਤੁਸੀਂ ਹਸਪਤਾਲ ਦੀ ਮਰੀਜ਼ ਤਾਲਮੇਲ ਸੇਵਾ ਨਾਲ ਸੰਪਰਕ ਕਰੋ।

If your complaint is about your social care assessment or the involvement of social care workers, you can contact Call Derbyshire on tel: **01629 533190** or email: **your.views@derbyshire.gov.uk**

ਜੇਕਰ ਤੁਹਾਡੀ ਸ਼ਿਕਾਇਤ ਸੋਸ਼ਲ ਕੇਅਰ ਅਸੈਸਮੈਂਟ ਬਾਰੇ ਜਾਂ ਸੋਸ਼ਲ ਕੇਅਰ ਟੀਮ ਬਾਰੇ ਹੈ ਤਾਂ ਤੁਸੀਂ 01629 533190 'ਤੇ ਕਾਲ ਡਰਬੀਸ਼ਾਇਰ ਨਾਲ ਸੰਪਰਕ ਕਰ ਸਕਦੇ ਹੋ ਜਾਂ your.views@derbyshire.gov.uk 'ਤੇ ਈਮੇਲ ਕਰੋ।

Healthwatch Derbyshire is an independent organisation that represents people using health and social care services in Derbyshire. Healthwatch can be contacted on tel: **01773 880786**.

ਹੈਲਥਵਾਚ ਡਰਬੀਸ਼ਾਇਰ ਇੱਕ ਸੁਤੰਤਰ ਸੰਸਥਾ ਹੈ ਜੋ ਡਰਬੀਸ਼ਾਇਰ ਵਿਚ ਹੈਲਥ ਅਤੇ ਸੋਸ਼ਲ ਕੇਅਰ ਸੇਵਾਵਾਂ ਇਸਤੇਮਾਲ ਕਰਨ ਵਾਲੇ ਲੋਕਾਂ ਦੀ ਨੁਮਾਇੰਦਗੀ ਕਰਦਾ ਹੈ। ਹੈਲਥਵਾਚ ਸੰਸਥਾ ਨੂੰ 01773 880786 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## Checklist for leaving the hospital:
## ਹਸਪਤਾਲ ਛੱਡਣ ਦੇ ਲਈ ਚੈੱਕਲਿਸਟ :

Before you are discharged, discuss with family and friends what you feel your needs will be when you leave the hospital.

ਹਸਪਤਾਲ ਤੋਂ ਛੁੱਟੀ ਮਿਲਣ ਤੇ ਪਹਿਲਾਂ ਆਪਣੇ ਪਰਿਵਾਰ ਅਤੇ ਦੋਸਤਾਂ ਨਾਲ ਵਿਚਾਰ ਕਰੋ ਕਿ ਹਸਪਤਾਲ ਛੱਡਣ ਤੇ ਤੁਹਾਨੂੰ ਕਿਨ੍ਹਾਂ ਚੀਜ਼ਾਂ ਦੀ ਲੋੜ ਮਹਿਸੂਸ ਹੋ ਸਕਦੀ ਹੈ।

Discuss with your nurse any questions, doubts or concerns you may have. If you don't feel you are being listened to or still have worries you can contact the hospital's patient liaison service. If your concern is about social care, you can Call Derbyshire on tel: **01629 533190** or email: **your.views@derbyshire.gov.uk**

ਕੋਈ ਵੀ ਸਵਾਲ, ਸ਼ੱਕ ਜਾਂ ਚਿੰਤਾ ਹੋਵੇ ਤਾਂ ਆਪਣੀ ਨਰਸ ਦੇ ਨਾਲ ਚਰਚਾ ਕਰੋ। ਜੇਕਰ ਤੁਹਾਨੂੰ ਮਹਿਸੂਸ ਹੋਵੇ ਕਿ ਤੁਹਾਡੀ ਗੱਲ ਨਹੀਂ ਸੁਣੀ ਜਾ ਰਹੀ ਜਾਂ ਅਜੇ ਵੀ ਪਰੇਸ਼ਾਨੀ ਹੈ ਤਾਂ ਤੁਸੀਂ ਹਸਪਤਾਲ ਦੀ ਮਰੀਜ਼ ਤਾਲਮੇਲ ਸੇਵਾ ਨਾਲ ਸੰਪਰਕ ਕਰੋ। ਸੋਸ਼ਲ ਕੇਅਰ ਬਾਰੇ ਕਿਸੇ ਵੀ ਤਰਾਂ ਦੀ ਗੱਲ ਲਈ ਕਾਲ ਡਰਬੀਸ਼ਾਇਰ ਨੂੰ 01629 533190 'ਤੇ ਫੋਨ ਕਰੋ ਜਾਂ your.views@derbyshire.gov.uk 'ਤੇ ਈਮੇਲ ਕਰੋ।

You and your carer should be provided with information on any training needs you may have, for example moving and handling.

ਤੁਹਾਨੂੰ ਅਤੇ ਤੁਹਾਡੇ ਦੇਖਭਾਲ ਕਰਤਾ ਨੂੰ ਤੁਹਾਡੀ ਜ਼ਰੂਰਤ ਦੇ ਅਨੁਸਾਰ ਕਿਸੇ ਵੀ ਤਰ੍ਹਾਂ ਦੀ ਟ੍ਰੇਨਿੰਗ ਦੀ ਜਾਣਕਾਰੀ ਵੀ ਦਿੱਤੀ ਜਾਣੀ ਚਾਹੀਦੀ ਹੈ ਜਿਵੇਂ ਕਿ ਸੰਭਾਲ ਕਰਨੀ ਜਾਂ ਉਠਣਾ-ਬੈਠਣਾ।

Make sure you have transport - an ambulance or hospital car can only be arranged if your doctor considers it is medically necessary. Again, please speak to your nurse if you have any problems.

ਇਹ ਯਕੀਨੀ ਬਣਾਓ ਕਿ ਤੁਹਾਡੇ ਕੋਲ ਆਵਾਜਾਈ ਦਾ ਸਾਧਨ ਹੈ ਕਿਉਂਕਿ ਐਂਬੂਲੈਂਸ ਜਾਂ ਹਸਪਤਾਲ ਦੀ ਕਾਰ ਦਾ ਪ੍ਰਬੰਧ ਸਿਰਫ ਤਾਂ ਹੀ ਕੀਤਾ ਜਾ ਸਕਦਾ ਹੈ ਜੇਕਰ ਡਾਕਟਰ ਇਸ ਨੂੰ ਜ਼ਰੂਰੀ ਸਮਝਦਾ ਹੈ। ਜੇਕਰ ਤੁਹਾਨੂੰ ਕੋਈ ਵੀ ਸਮੱਸਿਆ ਹੈ ਤਾਂ ਆਪਣੀ ਨਰਸ ਨਾਲ ਜ਼ਰੂਰ ਗੱਲਬਾਤ ਕਰੋ।

Check with your nurse to find out if you are to attend an outpatient clinic at a later date

ਨਰਸ ਤੋਂ ਇਹ ਪੜਤਾਲ ਕਰੋ ਕਿ ਕੀ ਤੁਸੀਂ ਬਾਅਦ ਵਿੱਚ ਆਊਟ ਪੇਸ਼ੇਂਟ ਕਲੀਨਿਕ ਵਿਚ ਹਾਜ਼ਰ ਹੋਣਾ ਹੈ।

Make sure you have all the medicines you. If you have any new medicines prescribed or if you need extra supplies, these will be dispensed by the hospital pharmacy.

ਇਹ ਯਕੀਨੀ ਬਣਾਓ ਕਿ ਤੁਹਾਡੇ ਕੋਲ ਲੋੜ ਅਨੁਸਾਰ ਸਭ ਦਵਾਈਆਂ ਹਨ।ਜੇਕਰ ਕੋਈ ਨਵੀਂ ਦਵਾਈ ਤਜ਼ਵੀਜ਼ ਕੀਤੀ ਗਈ ਹੈ ਜਾਂ ਵਾਧੂ ਦਵਾਈ ਦੀ ਲੋੜ ਹੈ ਤਾਂ ਇਹ ਹਸਪਤਾਲ ਦੀ ਫਾਰਮੇਸੀ ਵਲੋਂ ਦਿੱਤੀ ਜਾਵੇਗੀ।

Let your local Department of Work and Pensions office know you are being discharged so your benefits can be adjusted, if necessary.

ਆਪਣੇ ਕੰਮ ਦੇ ਸਥਾਨਿਕ ਵਿਭਾਗ ਅਤੇ ਪੈਨਸ਼ਨ ਦਫ਼ਤਰ ਨੂੰ ਹਸਪਾਲ ਤੋਂ ਛੁੱਟੀ ਮਿਲਣ ਬਾਰੇ ਜਾਣਕਾਰੀ ਜ਼ਰੂਰ ਦਿਓ ਤਾਂ ਜੋ ਜ਼ਰੂਰਤ ਅਨੁਸਾਰ ਤੁਹਾਨੂੰ ਮਿਲਣ ਵਾਲੇ ਲਾਭ ਐਡਜਸਟ ਕੀਤੇ ਜਾ ਸਕਣ।

Please make sure that you have all your possessions with you and that you are not taking home any hospital property by mistake.

ਕਿਰਪਾ ਕਰਕੇ ਇਹ ਜ਼ਰੂਰ ਯਕੀਨੀ ਬਣਾਓ ਕਿ ਤੁਸੀਂ ਆਪਣਾ ਸਭ ਸਮਾਨ ਲੈ ਲਿਆ ਹੈ ਅਤੇ ਗਲਤੀ ਨਾਲ ਹਸਪਤਾਲ ਦੀ ਕੋਈ ਸੰਪਤੀ ਨਾਲ ਨਹੀਂ ਲਿਜਾ ਰਹੇ।

## Further Information
## ਹੋਰ ਜਾਣਕਾਰੀ

Derbyshire County Council Adult Care department provide leaflets on a range of topics that can be obtained from staff, our website at **www.derbyshire.gov.uk/adultcare**, a local office, by emailing: adultcareinfo@derbyshire.gov.ukor via Call Derbyshire on tel: **01629 533190**.

ਡਰਬੀਸ਼ਾਇਰ ਕਾਊਂਟੀ ਕਾਊਂਸਲ ਦੇ ਐਡਲਟ ਕੇਅਰ ਵਿਭਾਗ ਦੇ ਸਟਾਫ ਤੋਂ ਕਈ ਤਰ੍ਹਾਂ ਦੇ ਵਿਸ਼ਿਆਂ ਨਾਲ ਸੰਬੰਧਿਤ ਪਰਚੇ ਮਿਲ ਸਕਦੇ ਹਨ। ਇਸ ਲਈ ਸਾਡੀ ਵੈੱਬਸਾਈਟ www.derbyshire.gov.uk/adultcare ਵੀ ਦੇਖ ਸਕਦੇ ਹੋ ਜਾਂ ਈਮੇਲ adultcareinfo@derbyshire.gov.uk ਜਾਂ ਕਾਲ ਡਰਬੀਸ਼ਾਇਰ ਦੇ ਨੰਬਰ 01629 533190 'ਤੇ ਫੋਨ ਕਰੋ।

## You can also contact us on:
## ਤੁਸੀਂ ਸਾਨੂੰ ਇਨ੍ਹਾਂ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ :

• Text: 86555 • Fax: 01629 533295 • Minicom: 01629 533240
ਟੈਕਸਟ : 86555 ਫੈਕਸ : 01629 533295 ਮਿਨੀਕੌਮ : : 01629 533240
Leaflets available include:
ਉਪਲੱਬਧ ਪਰਚਿਆਂ ਵਿਚ ਸ਼ਾਮਿਲ ਹਨ –

- Guide to Adult Care – how we work and what we provide
- ਐਡਲਟ ਕੇਅਰ ਲਈ ਗਾਈਡ - ਅਸੀਂ ਕਿਵੇਂ ਕੰਮ ਰਦੇ ਹਾਂ ਤੇ ਕੀ ਮੁਹੱਈਆ ਕਰਦੇ ਹਾਂ
- Keeping Adults Safe – what to look for and what to do
- ਬਾਲਗਾਂ ਨੂੰ ਸੁਰੱਖਿਅਤ ਰੱਖਣਾ - ਕੀ ਦੇਖਣਾ ਹੈ ਅਤੇ ਕੀ ਕਰਨਾ ਹੈ ।
- Guide to Carers Services
- ਕੇਅਰਰ ਸਰਵਿਸ ਲਈ ਗਾਈਡ
- Guide to Handy Van Services – practical help in your home
- ਵੈਨ ਸਰਵਿਸ ਲਈ ਗਾਈਡ - ਤੁਹਾਡੇ ਘਰੇਲੂ ਮਦਦ ਲਈ
- Guide to First Contact – sign posting to services and support
- ਪਹਿਲੇ ਸੰਪਰਕ ਲਈ ਗਾਈਡ - ਸੇਵਾ ਅਤੇ ਸਹਾਇਤਾ ਲਈ ਸ਼ੁਰੂਆਤੀ ਜਾਣਕਾਰੀ ਦੇਣਾ
- Care Services Directory
- ਕੇਅਰ ਸਰਵਿਸ ਦੀ ਡਾਇਰੈਕਟਰੀ
- Putting People First – Complaints, Comments and Compliments.
- ਲੋਕਾਂ ਨੂੰ ਪਹਿਲ - ਸ਼ਿਕਾਇਤ, ਟਿੱਪਣੀ ਅਤੇ ਸ਼ਲਾਘਾ

Leaflets are available in standard and Easy Read versions and upon request in Braille, large print, alternate languages and other formats such as British Sign Language

ਇਹ ਪਰਚੇ ਮਿਆਰੀ ਅਤੇ ਸਰਲ ਭਾਸ਼ਾ ਵਿਚ ਅਤੇ ਬੇਨਤੀ ਕਰਨ 'ਤੇ ਬਰੇਲ, ਵੱਡੇ ਪ੍ਰਿੰਟ, ਹੋਰ ਭਾਸ਼ਾਵਾਂ ਜਾਂ ਫਾਰਮੈਟ ਜਿਵੇਂ ਕਿ ਬ੍ਰਿਟਿਸ਼ ਸੈਨਤ ਭਾਸ਼ਾ ਵਿਚ ਵੀ ਉਪਲੱਬਧ ਹਨ ।